


# ਵਿੱਤੀ ਮਾਮਲ

ਇਸ ਤੱਥ ਸ਼ੀਟ ਵਿੱਚ, ਅਸੀਂ ਦੇਖਭਾਲ ਕਰਨ ਵਾਲਿਆਂ (ਜੋ ਜੀਵਨ ਦੇ ਅੰਤਿਮ ਸਮੇਂ ਵਿੱਚ ਕਿਸੇ ਦੀ ਦੇਖਭਾਲ ਕਰ ਰਹੇ ਹੁੰਦੇ ਹਨ) ਲਈ ਉਪਲਬਧ ਭੁਗਤਾਨਾਂ ਅਤੇ ਵਿੱਤੀ ਸਹਾਇਤਾ ਦੀਆਂ ਕਿਸਮਾਂ ਨੂੰ ਸ਼ਾਮਲ ਕਰਦੇ ਹਾਂ। ਅਸੀਂ ਇਹ ਯਕੀਨੀ ਬਣਾਉਣ ਲਈ ਤੁਹਾਡੇ ਵਿੱਤ ਦੇ ਪ੍ਰਬੰਧਨ ਲਈ ਕੁੱਝ ਸੁਝਾਅ ਵੀ ਦਿੰਦੇ ਹਾਂ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸ ਦੀ ਮੌਤ ਹੋ ਜਾਣ ਤੋਂ ਬਾਅਦ ਤੁਹਾਡੇ ਕੋਲ ਵਿੱਤ ਤੱਕ ਪਹੁੰਚ ਹੈ।

ਕੁੱਝ ਦੇਖਭਾਲ ਕਰਨ ਵਾਲਿਆਂ ਨੂੰ ਲੱਗਦਾ ਹੈ ਕਿ ਕਿਸੇ ਦੀ ਜੀਵਨ ਦੇ ਅੰਤਿਮ ਸਮੇਂ ਵਿੱਚ ਦੇਖਭਾਲ ਕਰਨ ਨਾਲ ਵਿੱਤੀ ਪ੍ਰਭਾਵ ਪੈਂਦਾ ਹੈ। ਇਹ ਇਸ ਕਾਰਨ ਹੋ ਸਕਦਾ ਹੈ:

- ਉਸ ਵਿਅਕਤੀ ਦੀ ਦੇਖਭਾਲ ਕਰਨ ਲਈ ਆਪਣੇ ਕੰਮ ਦੇ ਘੰਟੇ ਘਟਾਉਣਾ ਜਾਂ ਕੰਮ ਬੰਦ ਕਰਨਾ
- ਦਵਾਈਆਂ, ਸੇਵਾਵਾਂ ਅਤੇ ਕਿਰਾਏ 'ਤੇ ਲਿਆਂਦੇ ਉਪਕਰਣਾਂ ਦੀ ਲਾਗਤ ਕਾਰਨ
- ਉਸ ਵਿਅਕਤੀ ਦੀ ਆਮਦਨੀ ਦੇ ਨੁਕਸਾਨ ਕਾਰਨ ਜਿਸ ਦੀ ਤੁਸੀਂ ਦੇਖਭਾਲ ਕਰ ਰਹੇ ਹੋ
- ਜੇਕਰ ਵਿਅਕਤੀ ਦੀ ਦੇਖਭਾਲ ਘਰ ਤੋਂ ਬਾਹਰ ਕਿਤੇ ਕੀਤੀ ਜਾ ਰਹੀ ਹੈ ਤਾਂ ਨਿਯਮਿਤ ਤੌਰ 'ਤੇ ਉਸ ਵਿਅਕਤੀ ਨੂੰ ਮਿਲਣ ਜਾਣ ਲਈ ਯਾਤਰਾ ਦੇ ਖ਼ਰਚੇ
- ਅੰਤਿਮ ਸੰਸਕਾਰ ਦਾ ਖ਼ਰਚਾ
- ਉਸ ਵਿਅਕਤੀ ਦੀ ਮੌਤ ਤੋਂ ਬਾਅਦ ਪੈਸੇ ਤੱਕ ਪਹੁੰਚਣ ਵਿੱਚ ਮੁਸ਼ਕਲ ਹੋਣਾ

ਇਸ ਸਮੇਂ ਦੌਰਾਨ ਵਿੱਤੀ ਸਹਾਇਤਾ ਪ੍ਰਾਪਤ ਕਰਨਾ ਮਦਦਗਾਰ ਹੋ ਸਕਦਾ ਹੈ। ਇੱਥੇ ਤੁਹਾਨੂੰ ਵਿੱਤੀ ਸਹਾਇਤਾ ਬਾਰੇ ਜਾਣਨ ਯੋਗ ਸਾਰੀ ਜਾਣਕਾਰੀ ਹੈ ਅਤੇ ਤੁਸੀਂ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ, ਇਸਦੇ ਬਾਰੇ ਕੁੱਝ ਲਿੰਕ ਇੱਥੇ ਦਿੱਤੇ ਗਏ ਹਨ। ਹਸਪਤਾਲ ਵਿੱਚ ਸੋਸ਼ਲ ਵਰਕਰ ਜਾਂ ਤੁਹਾਡੀ ਹੈਲਥ ਕੇਅਰ ਟੀਮ ਇਸ ਵਿੱਚੋਂ ਕੁਝ ਜਾਣਕਾਰੀ ਦੁਆਰਾ ਤੁਹਾਡੇ ਨਾਲ ਗੱਲ ਕਰਨ ਦੇ ਯੋਗ ਹੋ ਸਕਦੀ ਹੈ ਅਤੇ ਫਾਰਮ ਭਰਨ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ।

## ਕੇਅਰਰ ਪੇਮੈਂਟਸ- Centrelink (ਸੈਂਟਰਲਿੰਕ) ਰਾਹੀਂ

ਤੁਸੀਂ ਦੇਖਭਾਲ ਕਰਦੇ ਸਮੇਂ ਕੁੱਝ ਵਿੱਤੀ ਸਹਾਇਤਾ ਲਈ ਯੋਗ ਹੋ ਸਕਦੇ ਹੋ, ਖ਼ਾਸ ਕਰਕੇ ਜੇ ਤੁਸੀਂ ਦੇਖਭਾਲ ਕਰਨ ਲਈ ਕੰਮ ਕਰਨਾ ਬੰਦ ਕਰ ਦਿੱਤਾ ਹੈ ਜਾਂ ਆਪਣੇ ਕੰਮ ਦੇ ਘੰਟੇ ਘਟਾ ਦਿੱਤੇ ਹਨ। ਇੱਥੇ ਬਹੁਤ ਸਾਰੀ ਚੰਗੀ ਜਾਣਕਾਰੀ ਉਪਲਬਧ ਹੈ https://www.humanservices.gov.au/individuals/carers

ST VINCENT'S HOSPITAL MELBOURNE | Flinders University | Carers Australia
CarerHelp is funded by the Australian Government Department of Health and Aged Care

ਜਾਂ ਫਿਰ ਤੁਸੀਂ Centrelink ਨੂੰ ਸਿੱਧੇ ਤੌਰ 'ਤੇ ਫ਼ੋਨ ਕਰ ਸਕਦੇ ਹੋ (13 27 17)

## ਬੁਢਾਪਾ ਪੈਨਸ਼ਨ ਜਾਂ ਕੇਅਰਰ ਪੇਮੈਂਟਸ?

ਕੁੱਝ ਮਾਮਲਿਆਂ ਵਿੱਚ, ਤੁਹਾਨੂੰ ਕੇਅਰਰ ਪੇਮੈਂਟਸ (Carer Payment) ਅਤੇ (ਬੁਢਾਪਾ ਪੈਨਸ਼ਨ (Age Pension) ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਲੋੜ ਹੋ ਸਕਦੀ ਹੈ। ਤੁਹਾਡੀ ਨਿੱਜੀ ਸਥਿਤੀ 'ਤੇ ਨਿਰਭਰ ਕਰਦੇ ਹੋਏ, ਹਰੇਕ ਕਿਸਮ ਦੇ ਭੁਗਤਾਨ ਦੇ ਫ਼ਾਇਦੇ ਅਤੇ ਨੁਕਸਾਨ ਹਨ। ਇਹ ਦੇਖਣ ਲਈ ਕਿ ਉਹ ਕਿਵੇਂ ਤੁਲਨਾਤਮਕ ਹਨ, ਮਨੁੱਖੀ ਸੇਵਾਵਾਂ ਵਿਭਾਗ (Department of Human Services) ਦੀ ਵੈੱਬਸਾਈਟ 'ਤੇ ਜਾਓ। https://www.humanservices.gov.au/individuals/subjects/choosing-between-carer-payment-and-age-pension

## NDIS – National Disability Insurance Scheme

ਰਾਸ਼ਟਰੀ ਅਪੰਗਤਾ ਬੀਮਾ ਯੋਜਨਾ 65 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨ ਦਾ ਇੱਕ ਨਵਾਂ ਤਰੀਕਾ ਹੈ ਜਿਨ੍ਹਾਂ ਨੂੰ ਕੋਈ ਅਪੰਗਤਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਆਤਮ-ਨਿਰਭਰ ਰਹਿਣ ਅਪਾਹਜ ਲੋਕਾਂ ਦੀ ਵਿੱਚ ਮੱਦਦ ਕਰਨਾ ਹੈ। ਹੋਰ ਜਾਣਕਾਰੀ ਲਈ ਵੇਖੋ:

https://www.ndis.gov.au/

http://www.carersaustralia.com.au/ndis-and-carers/support-for-families-and-carers/

## My Aged Care (ਮਾਈ ਏਜ਼ਡ ਕੇਅਰ)

ਜੇਕਰ ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ, ਉਸ ਦੀ ਉਮਰ 65+ (ਜਾਂ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ 50+) ਹੈ ਤਾਂ ਤੁਸੀਂ ਆਸਟ੍ਰੇਲੀਅਨ ਸਰਕਾਰ ਦੁਆਰਾ ਫੰਡ ਪ੍ਰਾਪਤ ਬਜ਼ੁਰਗ ਦੇਖਭਾਲ ਸੇਵਾਵਾਂ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹੋ। ਉਹ ਵਾਧੂ ਸੇਵਾਵਾਂ ਲਈ ਫੰਡ ਦੇਣਗੇ ਤਾਂ ਜੋ ਤੁਹਾਨੂੰ ਇਹਨਾਂ ਸੇਵਾਵਾਂ ਲਈ ਨਿੱਜੀ ਤੌਰ 'ਤੇ ਭੁਗਤਾਨ ਕਰਨ ਦੀ ਲੋੜ ਨਾ ਪਵੇ। ਸੇਵਾਵਾਂ ਜੋ ਉਹ ਪ੍ਰਦਾਨ ਕਰ ਸਕਦੇ ਹਨ ਉਹਨਾਂ ਵਿੱਚ ਘਰ ਵਿੱਚ ਨਿੱਜੀ ਦੇਖਭਾਲ ਜਾਂ ਨਰਸਿੰਗ ਦੇਖਭਾਲ ਸੇਵਾਵਾਂ, ਫਿਜ਼ੀਓ ਅਤੇ ਹੋਰ ਦੇਖਭਾਲ, ਘਰ ਵਿੱਚ ਸੋਧਾਂ, ਭੋਜਨ, ਸਫ਼ਾਈ, ਅਤੇ ਉਪਕਰਣ ਸ਼ਾਮਲ ਹਨ। ਉਹ **ਥੋੜ੍ਹੇ ਸਮੇਂ ਦੀ ਮੱਦਦ ਵੀ ਪ੍ਰਦਾਨ ਕਰ ਸਕਦੇ ਹਨ ਜਿਸ ਵਿੱਚ ਰਾਹਤ-ਦੇਖਭਾਲ ਵੀ ਸ਼ਾਮਲ ਹੈ** ਜੇਕਰ ਤੁਹਾਨੂੰ ਆਪਣੇ-ਆਪ ਨੂੰ ਬਰੇਕ (ਥੋੜੀ ਛੁੱਟੀ ਲੈਣ) ਦੀ ਲੋੜ ਹੈ ਜਾਂ ਉਹ **ਬਜ਼ੁਰਗ ਦੇਖਭਾਲ ਸੇਵਾ ਘਰ ਵਿੱਚ ਦੇਖਭਾਲ** ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਤੁਸੀਂ My Aged Care (ਮਾਈ ਏਜ਼ਡ ਕੇਅਰ) ਨੂੰ 1800 200 422 (8am-8pm ਸੋਮ-ਸ਼ੁੱਕਰ ਅਤੇ 10am-2pm ਸ਼ਨੀਵਾਰ) 'ਤੇ ਵੀ ਫ਼ੋਨ ਕਰ ਸਕਦੇ ਹੋ। ਉਸ ਵਿਅਕਤੀ ਦਾ ਮੈਡੀਕੇਅਰ ਨੰਬਰ ਹੱਥ ਹੇਠ ਰੱਖੋ ਜਿਸਦੀ ਤੁਸੀਂ ਦੇਖਭਾਲ ਕਰ ਰਹੇ ਹੋ। ਇੱਕ ਵਾਰ ਜਦੋਂ ਕੋਈ ਵਿਅਕਤੀ ਰਜਿਸਟਰ ਹੋ ਜਾਂਦਾ ਹੈ ਤਾਂ ਉਸਨੂੰ My Aged Care ਮਿਲੇਗਾ ਜਿਸਦੀ ਵਰਤੋਂ ਤੁਸੀਂ ਭਵਿੱਖ ਦੇ ਕਿਸੇ ਵੀ ਸੰਪਰਕ ਵਿੱਚ ਕਰ ਸਕਦੇ ਹੋ।

https://www.myagedcare.gov.au/home-start-here

## ਭਵਿੱਖ ਲਈ ਆਪਣੇ ਵਿੱਤ ਦੀ ਤਿਆਰੀ ਕਰਨੀ

ਜਦੋਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸ ਦੀ ਮੌਤ ਹੋ ਜਾਵੇਗੀ, ਉਸ ਸਥਿਤੀ ਲਈ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਤਿਆਰ ਕਰਨਾ ਵੀ ਅਸਲ ਵਿੱਚ ਮਹੱਤਵਪੂਰਨ ਹੈ। ਕਾਨੂੰਨੀ ਦਸਤਾਵੇਜ਼ਾਂ ਨੂੰ ਅੱਪਡੇਟ ਕਰਕੇ, ਖਾਤਿਆਂ 'ਤੇ ਨਾਮ ਬਦਲ ਕੇ, ਅਤੇ ਇਹ ਯਕੀਨੀ ਬਣਾਕੇ ਕਿ ਤੁਹਾਡੀ ਆਮਦਨੀ ਤੱਕ ਪਹੁੰਚ ਹੈ, ਹੁਣੇ ਤਿਆਰ ਹੋਣਾ ਤੁਹਾਡੇ ਲਈ ਚੀਜ਼ਾਂ ਨੂੰ ਇਸ ਸਭ ਲਈ ਬਹੁਤ ਆਸਾਨ ਬਣਾ ਦੇਵੇਗਾ। ਜੇਕਰ ਤੁਹਾਡੇ ਕੋਲ ਕੋਈ ਅਕਾਊਂਟੈਂਟ (ਲੇਖਾਕਾਰ) ਹੈ, ਤਾਂ ਉਹਨਾਂ ਨੂੰ ਤੁਹਾਡੇ ਸਾਥੀ, ਰਿਸ਼ਤੇਦਾਰ ਜਾਂ ਦੋਸਤ ਦੀ ਮੌਤ ਲਈ ਵਿੱਤੀ ਤੌਰ 'ਤੇ ਤਿਆਰੀ ਕਰਨ ਬਾਰੇ ਤੁਹਾਡੇ ਨਾਲ ਗੱਲ ਕਰਨ ਲਈ ਕਹਿਣਾ ਮਦਦਗਾਰ ਹੋ ਸਕਦਾ ਹੈ। ਜੇਕਰ ਤੁਹਾਡੇ ਕੋਲ ਕੋਈ ਪਰਿਵਾਰਕ ਵਕੀਲ ਹੈ, ਤਾਂ ਉਹਨਾਂ ਨਾਲ ਇਹ ਗੱਲ ਬਾਰੇ ਚਰਚਾ ਕਰਨਾ ਇੱਕ ਚੰਗਾ ਵਿਚਾਰ ਹੈ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸ ਕੋਲ ਹੁਣ ਅੱਪਡੇਟ ਕੀਤੀ ਆਖਰੀ ਵਸੀਅਤ ਅਤੇ ਕਰਾਰ ਹੈ।

ਵਿਅਕਤੀ ਦੇ ਮਰਨ ਤੋਂ ਬਾਅਦ ਬੈਂਕ ਖਾਤੇ (ਲੋਨ ਅਤੇ ਹੋਮ ਲੋਨ ਖਾਤਿਆਂ ਸਮੇਤ) ਪਹੁੰਚਯੋਗ ਨਹੀਂ ਹੋਣਗੇ, ਜਦੋਂ ਤੱਕ ਤੁਸੀਂ ਖਾਤੇ ਦੇ ਸਾਂਝੇ ਧਾਰਕ ਨਹੀਂ ਹੋ। ਕਈ ਵਾਰ ਪਿੱਛੇ ਛੱਡੀ ਜਾਇਦਾਦ ਨੂੰ ਅੰਤਿਮ ਰੂਪ ਦੇਣ ਦੀ

ਪ੍ਰਕਿਰਿਆ ਵਿੱਚ ਕਈ ਮਹੀਨੇ ਲੱਗ ਸਕਦੇ ਹਨ ਅਤੇ ਉਸ ਸਮੇਂ ਦੌਰਾਨ ਤੁਹਾਨੂੰ ਉਸ ਵਿਅਕਤੀ ਦੇ ਖਾਤਿਆਂ ਵਿੱਚ ਰੱਖੇ ਕਿਸੇ ਵੀ ਪੈਸੇ ਤੱਕ ਪਹੁੰਚ ਨਹੀਂ ਹੋਵੇਗੀ ਜਿਸਦੀ ਮੌਤ ਹੋ ਗਈ ਹੈ। ਇਸ ਲਈ, ਇਹ ਯਕੀਨੀ ਬਣਾਉਣਾ ਇੱਕ ਚੰਗਾ ਵਿਚਾਰ ਹੈ ਕਿ ਅਜਿਹੇ ਖਾਤਿਆਂ 'ਤੇ ਤੁਹਾਡਾ ਨਾਮ ਹੈ ਜਿਸ ਤੱਕ ਤੁਹਾਨੂੰ ਵਿਅਕਤੀ ਦੀ ਮੌਤ ਤੋਂ ਬਾਅਦ ਪਹੁੰਚ ਕਰਨ ਦੀ ਲੋੜ ਹੈ। ਹਾਲਾਂਕਿ, ਜੇਕਰ ਵਿਅਕਤੀ ਦੀ ਮੌਤ ਹੋਣ 'ਤੇ ਕਿਸੇ ਸਾਂਝੇ ਖਾਤੇ 'ਤੇ ਤੁਹਾਡਾ ਨਾਮ ਆਉਂਦਾ ਹੈ, ਤਾਂ ਤੁਸੀਂ ਉਸ ਖ਼ਾਤੇ ਨਾਲ ਜੁੜੇ ਕਿਸੇ ਵੀ ਬਕਾਇਆ ਪੈਸੇ ਜਾਂ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋਵੋਗੇ। ਕਿਰਪਾ ਕਰਕੇ ਕਰਜ਼ਾ ਖਾਤਿਆਂ, ਨਿਵੇਸ਼ ਖਾਤਿਆਂ ਜਾਂ ਹੋਰ ਖਾਤਿਆਂ ਵਿੱਚ ਆਪਣਾ ਨਾਮ ਜੋੜਨ ਦੇ ਕਿਸੇ ਵੀ ਟੈਕਸ ਪ੍ਰਭਾਵ ਬਾਰੇ ਆਪਣੇ ਅਕਾਊਂਟੈਂਟ ਨਾਲ ਗੱਲ ਕਰੋ।

ਇਹ ਜਾਣਨਾ ਵੀ ਚੰਗਾ ਹੈ ਕਿ ਬੈਂਕ ਮਰਨ ਵਾਲੇ ਵਿਅਕਤੀ ਦੇ ਹਰ ਕ੍ਰੈਡਿਟ ਕਾਰਡ ਨੂੰ ਰੱਦ ਕਰ ਦੇਵੇਗੀ ਜੇਕਰ ਉਹ ਪ੍ਰਾਇਮਰੀ ਕਾਰਡ ਧਾਰਕ ਸੀ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਸੈਕੰਡਰੀ ਕਾਰਡ ਧਾਰਕ ਵਜੋਂ ਕ੍ਰੈਡਿਟ ਕਾਰਡ ਦੀ ਵਰਤੋਂ ਕਰ ਰਹੇ ਹੋ, ਤਾਂ ਇਹ ਰੱਦ ਹੋ ਸਕਦਾ ਹੈ। ਜੇਕਰ ਤੁਹਾਡੇ ਮਾਮਲੇ ਲਈ ਇਹ ਅਜਿਹਾ ਹੀ ਹੈ, ਤਾਂ ਤੁਹਾਡੇ ਆਪਣੇ ਕ੍ਰੈਡਿਟ ਕਾਰਡ ਲਈ ਅਰਜ਼ੀ ਦੇਣਾ ਅਤੇ ਇਸਨੂੰ ਆਪਣੇ ਖੁਦ ਦੇ ਬੈਂਕ ਖਾਤੇ ਨਾਲ ਜੋੜਨਾ ਲਾਭਕਾਰੀ ਹੋ ਸਕਦਾ ਹੈ।

ਇਹ ਯਕੀਨੀ ਬਣਾਉਣਾ ਮਦਦਗਾਰ ਹੁੰਦਾ ਹੈ ਕਿ ਕਿਸੇ ਵੀ ਸੁਪਰਐਨੁਏਸ਼ਨ ਖਾਤਿਆਂ, ਜੀਵਨ ਬੀਮਾ, ਜਾਂ ਹੋਰ ਅਜਿਹੇ ਉਤਪਾਦਾਂ ਵਿੱਚ ਮੌਤ ਦੀ ਸਥਿਤੀ ਵਿੱਚ ਕੋਈ ਵਿਅਕਤੀ ਲਾਭਪਾਤਰੀ ਵਜੋਂ ਨਾਮਜ਼ਦ ਹੈ। ਇਸ ਨਾਲ ਉਸ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਤੱਕ ਪਹੁੰਚ ਕਰਨਾ ਆਸਾਨ ਹੋ ਜਾਵੇਗਾ।

ਜ਼ਿਆਦਾਤਰ ਬੈਂਕਾਂ ਅਤੇ ਸੁਪਰਐਨੁਏਸ਼ਨ ਫੰਡਾਂ ਕੋਲ ਆਪਣੀ ਵੈੱਬਸਾਈਟ 'ਤੇ ਇਸ ਬਾਰੇ ਜਾਣਕਾਰੀ ਹੁੰਦੀ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਕੀ ਕਰਨਾ ਹੈ। ਕੁੱਝ ਮਾਮਲਿਆਂ ਵਿੱਚ ਉਹ ਅੰਤਿਮ-ਸੰਸਕਾਰ ਲਈ ਭੁਗਤਾਨ ਕਰਨ ਜਾਂ ਬਕਾਇਆ ਬਿੱਲਾਂ ਜਾਂ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਖਾਤਿਆਂ ਵਿੱਚੋਂ ਫੰਡ ਜਾਰੀ ਕਰ ਦਿੰਦੇ ਹਨ।

ਉਸ ਵਿਅਕਤੀ ਦੇ ਅੰਤਿਮ ਸੰਸਕਾਰ ਲਈ ਅਗਾਊਂ-ਭੁਗਤਾਨ ਕਰਨ ਬਾਰੇ ਵਿਚਾਰ ਕਰਨਾ ਵੀ ਮਦਦਗਾਰ ਹੋ ਸਕਦਾ ਹੈ। ਅੰਤਿਮ-ਸੰਸਕਾਰ ਦੇ ਖ਼ਰਚੇ ਬਹੁਤ ਵੱਖੋ-ਵੱਖਰੇ ਹੋ ਸਕਦੇ ਹਨ। ਕਈ ਵਾਰ ਤੁਸੀਂ ਅੰਤਿਮ-ਸੰਸਕਾਰ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਉਸ ਵਿਅਕਤੀ ਦੇ ਸੁਪਰਐਨੁਏਸ਼ਨ ਤੱਕ ਜਲਦੀ ਪਹੁੰਚ ਕਰ ਸਕਦੇ ਹੋ (ਕਿਰਪਾ ਕਰਕੇ ਵਿਚਾਰ ਕਰੋ ਕਿ ਇਹ ਸੈਂਟਰਲਿੰਕ ਭੁਗਤਾਨਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਟੈਕਸ ਪ੍ਰਭਾਵ ਪਾ ਸਕਦਾ ਹੈ)। ਤੁਹਾਡੀ ਰਾਜ ਸਰਕਾਰ ਦੁਆਰਾ ਲੋੜਵੰਦ ਪਰਿਵਾਰਾਂ ਲਈ ਅੰਤਮ-ਸੰਸਕਾਰ ਦੇ ਖ਼ਰਚੇ ਲਈ ਕੁੱਝ ਵਿੱਤੀ ਸਹਾਇਤਾ ਵੀ ਉਪਲਬਧ ਹੈ।



ਸੈਂਟਰਲਿੰਕ ਰਾਹੀਂ ਸੋਗ-ਗ੍ਰਸਤ ਲਈ (Bereavement) ਭੁਗਤਾਨ ਵੀ ਉਪਲਬਧ ਹਨ।

## ਹੋਰ ਜਾਣਕਾਰੀ ਲਈ:

Money Smart ਵਿੱਤੀ ਮਾਮਲਿਆਂ ਲਈ ਇੱਕ ਬਹੁਤ ਉਪਯੋਗੀ ਵੈੱਬਸਾਈਟ ਹੈ ਅਤੇ ਇਸ ਵਿੱਚ ਲੋਕਾਂ ਦੀ ਮੌਤ ਤੋਂ ਪਹਿਲਾਂ ਉਹਨਾਂ ਦੇ ਵਿੱਤ ਨੂੰ ਤਰਤੀਬ ਵਿੱਚ ਕਰਨ ਵਿੱਚ ਮੱਦਦ ਕਰਨ ਲਈ ਇੱਕ ਵਧੀਆ ਸੈਕਸ਼ਨ ਹੈ। ਤੁਸੀਂ ਉਸ ਵਿਅਕਤੀ ਨਾਲ ਕੰਮ ਕਰਨਾ ਚਾਹ ਸਕਦੇ ਹੋ ਜਿਸਦੀ ਤੁਸੀਂ ਦੇਖਭਾਲ ਕਰ ਰਹੇ ਹੋ ਕਿਉਂਕਿ ਇਹ ਤੁਹਾਡੇ ਲਈ ਵੀ ਬਹੁਤ ਲਾਭਦਾਇਕ

ਹੋਵੇਗਾ: https://www.moneysmart.gov.au/life-events-and-you/life-events/money-musts-before-you-die (ਸਿਰਫ਼ ਅੰਗਰੇਜ਼ੀ ਵਿੱਚ)

ਪਿੱਛੇ ਛੱਡੀ ਜਾਇਦਾਦ ਨਾਲ ਕਿਵੇਂ ਨਜਿੱਠਣਾ ਹੈ ਇਹ ਜਾਣਨਾ ਔਖਾ ਲੱਗ ਸਕਦਾ ਹੈ। ਆਸਟ੍ਰੇਲੀਅਨ ਟੈਕਸੇਸ਼ਨ (Australian Taxation) ਵਿਭਾਗ ਨੇ ਇੱਕ ਚੈਕਲਿਸਟ (ਜਾਂਚ-ਸੂਚੀ) ਬਣਾਈ ਹੈ ਜੋ ਮੱਦਦਗਾਰ ਹੋਵੇਗੀ: https://www.ato.gov.au/Individuals/Deceased-estates/Deceased-estate-checklist/ (ਇਸ ਵੈੱਬਸਾਈਟ 'ਤੇ ਹੋਰ ਭਾਸ਼ਾਵਾਂ ਵਿੱਚ ਕੁੱਝ ਜਾਣਕਾਰੀ ਅਤੇ ਕਾਲ ਕਰਨ ਲਈ ਇੱਕ ਫ਼ੋਨ ਨੰਬਰ ਹੈ)

ਤੁਹਾਡੇ ਬੈਂਕ ਕੋਲ ਇੱਕ ਸਹਾਇਤਾ ਟੀਮ ਹੋਵੇਗੀ ਜੋ ਕਿਸੇ ਮ੍ਰਿਤਕ ਜਾਇਦਾਦ ਨੂੰ ਪੂਰਾ ਕਰਨ ਦੀਆਂ ਸ਼ਰਤਾਂ, ਜਿਸ ਵਿੱਚ ਤਤਕਾਲ ਖ਼ਰਚਿਆਂ ਲਈ ਦਾਅਵਾ ਕਰਨਾ ਵੀ ਸ਼ਾਮਲ ਹੈ, ਨੂੰ ਪੂਰਾ ਕਰਨ ਵਿੱਚ ਤੁਹਾਡੀ ਮੱਦਦ ਕਰਨ ਦੇ ਯੋਗ ਹੋਵੇਗੀ।




CarerHelp is funded by the Australian Government Department of Health and Aged Care